بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 02.07.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਖ਼ਲੀਫ਼ਾ ਰਾਸ਼ਿਦ ਫ਼ਾਰੂਕ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਜ਼ਿਕਰ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 02 ਜੁਲਾਈ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ

أَشۡهَدُ أَنۡ لَّا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بعد فاعوذ بالله من الشيطٰن الرجيم۔

بِسۡمِ اللّٰهِ الرَّحۡمٰنِ الرَّحِيۡمِ۔ اَلۡحَمۡدُ لِلّٰهِ رَبِّ الۡعَالَمِيۡنَ۔ الرَّحۡمٰنِ الرَّحِيۡمِ۔ مَالِكِ يَوۡمِ الدِّيۡنِ۔ إِيَّاكَ نَعۡبُدُ وَإِيَّاكَ نَسۡتَعِيۡنُ۔ اِهۡدِنَا الصِّرَاطَ الۡمُسۡتَقِيۡمَ۔ صِرَاطَ الَّذِيۡنَ أَنۡعَمۡتَ عَلَيۡهِمۡ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਕੱਲ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ ਚੱਲ ਰਿਹਾ ਹੈ । ਇਸ ਬਾਰੇ ਅੱਜ ਹੋਰ ਵਰਨਣ ਕਰਾਂਗਾ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਯਮਨ ਦੀ ਧਰਤੀ ਜੋ ਇਸਾਈਆਂ ਤੇ ਯਹੂਦੀਆਂ ਹੇਠ ਸੀ, ਉਸੂਲੀ ਤੌਰ'ਤੇ ਹੁਕੂਮਤ ਉਸ ਦੀ ਮਾਲਕ ਸੀ । ਪਰ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਜੱਦ ਇਹਨਾ ਨੂੰ ਅਰਬ ਵਿੱਚੋਂ ਕੱਢਿਆ ਤਾਂ ਇਹਨਾ ਤੋਂ ਉਹ ਧਰਤੀ ਖੋਹੀ ਨਹੀਂ ਸਗੋਂ ਖ਼ਰੀਦੀ । ਫ਼ਤਹ ਹੁਲਬਾਰੀ ਸ਼ਰਹ ਬੁਖ਼ਾਰੀ ਵਿੱਚ ਲਿੱਖਿਆ ਹੈ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਨਜਰਾਨ ਦੇ ਮੁਸ਼ਰਿਕਾਂ, ਯਹੂਦੀਆਂ ਤੇ ਇਸਾਈਆਂ ਨੂੰ ਖ਼ਰਾਜ ਕੀਤਾ ਅਤੇ ਉਹਨਾਂ ਦੀ ਧਰਤੀ ਤੇ ਬਾਗ਼ ਖ਼ਰੀਦ ਲਏ ।

ਇਸਲਾਮ ਵਿੱਚ ਜੰਗੀ ਕੈਦੀਆਂ ਤੋਂ ਬਿਨਾ ਗ਼ੁਲਾਮ ਬਨਾਉਣ ਦੀ ਮਨਾਹੀ ਦੀ ਚਰਚਾ ਕਰਦਿਆਂ ਹੋਇਆਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ ਹੇ, ਮੁਸਲਮਾਨੋ ! ਕੀ ਤੁਸੀਂ ਹੋਰਨਾ ਲੋਕਾਂ ਵਾਂਗ ਇਹ ਚਾਹੁੰਦੇ ਹੋ ਕਿ ਦੂਜੀਆਂ ਕੌਮਾ ਦੇ ਲੋਕਾਂ ਨੂੰ ਫੜਕੇ ਆਪਣੀ ਸ਼ਕਤੀ ਵਧਾਓ । ਰੱਬ ਇਹ ਨਹੀਂ ਚਾਹੁੰਦਾ ਸਗੋਂ ਉਹ ਚਾਹੁੰਦਾ ਹੈ ਕਿ ਤੁਹਾਨੂ ਉਹਨਾ ਨਿਰਦੇਸ਼ਾਂ ਉਪੱਰ ਚਲਾਏ ਜੋ ਸਿੱਟੇ ਦੇ ਪੱਖੋਂ ਤੁਹਾਡੇ ਲਈ ਚੰਗੇ ਹੋਣ। ਸੋ, ਤੁਸੀਂ ਸਿਵਾਏ ਜੰਗੀ ਕੈਦੀਆਂ ਨੂੰ ਜਿੰਨ੍ਹਾ ਨੂੰ ਜੰਗ ਸਮੇਂ ਗ੍ਰਿਫ਼ਤਾਰ ਕੀਤਾ ਗਿਆ ਹੋਵੇ ਹੋਰ ਕਿਸੇ ਨੂੰ ਕੈਦੀ ਨ ਬਣਾਓ । ਇਸ ਆਦੇਸ਼ ਉਪੱਰ ਇਸਲਾਮ ਵਿੱਚ ਅਰੰਭ ਤੋਂ ਹੀ ਸਖ਼ਤੀ ਨਾਲ ਅਮਲ ਕੀਤਾ ਜਾਂਦਾ ਸੀ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਖ਼ਿਲਾਫ਼ਤ ਕਾਲ ਵਿੱਚ ਯਮਨ ਤੋਂ ਇਕ ਜਥੱਾ ਆਇਆ ਅਤੇ ਉਸ ਨੇ ਸ਼ਿਕਾਇਤ ਕੀਤੀ ਕਿ ਇਸਲਾਮ ਤੋਂ ਪਹਿਲਾਂ ਮਸੀਹੀਆਂ ਨੇ ਉਹਨਾ ਨੂੰ ਐਂਵੇ ਹੀ ਗ਼ੁਲਾਮ ਬਣਾ ਲਿਆ ਸੀ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ ਕਿ ਮੈਂ ਇਸਦੀ ਖੋਜ ਕਰਾਂਗਾ । ਇਸ ਦੇ ਵਿਪਰੀਤ ਯੂਰੋਪ ਵਿੱਚ 19ਵੀਂ ਸਦੀ ਤੱਕ ਗ਼ੁਲਾਮੀ ਨੂੰ ਜਾਰੀ ਰੱਖਿਆ ਗਿਆ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਖ਼ਿਲਾਫ਼ਤ ਕਾਲ ਵਿੱਚ 18 ਹਿਜਰੀ ਵਿੱਚ ਮਦੀਨੇ ਅਤੇ ਉਸਦੇ ਆਲ੍ਹੇ ਦੁਆਲੇ ਕਹਿਤ ਪਿਆ । ਵਰਖਾ ਨ ਹੋਣ ਕਰਕੇ ਸਾਰੀ ਧਰਤੀ ਸੁਆਹ ਬਰਾਬਰ ਹੋ ਗਈ ਅਤੇ ਇਹ ਅਵਸਥਾ ਨੌ ਮਹੀਨੇ ਰਹੀ । ਇਸ ਸਾਲ ਨੂੰ 'ਆਮੁਰ ਰਿਮਾਦਹ' ਅਰਥਾਤ ਸੁਆਹ ਦਾ ਸਾਲ ਕਹਿੰਦੇ ਹਨ । ਇਸੇ ਵਿੱਚ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਮਿਸਰ ਦੇ ਵਾਲੀ ਹਜ਼ਰਤ ਉਮੱਰੋ ਬਿਨ ਆਸ ਰਜ਼ੀ ਅਲੱਾਹੁ ਅਨਹੁ ਨੂੰ ਮਦਦ ਲਈ ਪਤੱਰ ਭੇਜਿਆ । ਇਸ'ਤੇ ਹਜ਼ਰਤ ਉਮੱਰੋ ਬਿਨ ਆਸ ਨੇ ਅਨਾਜ ਤੇ ਗੱਲੇ ਦੇ ਇਕ ਹਜ਼ਾਰ ਊਠ ਭੇਜੇ । ਘਿਓ ਤੇ ਕਪੜੇ ਇਸ ਤੋਂ ਵੱਖਰੇ ਸਨ। ਇਰਾਕ ਦੇ ਵਾਲੀ ਹਜ਼ਰਤ ਸਅਦ ਰਜ਼ੀ ਅਲੱਾਹੁ ਅਨਹੁ ਨੇ ਤਿੰਨ ਹਜ਼ਾਰ ਊਠ ਅਨਾਜ ਅਤੇ ਗਲੱਾ ਭਿਜਵਾਇਆ ਜਿਸਨੂੰ ਆਪ ਰਜ਼ੀ ਅਲੱਾਹੁ ਅਨਹੁ ਨੇ ਪਿੰਡਾਂ ਵੱਲ ਭਿਜਵਾਇਆ । ਇਹਨਾ ਔਖੇ ਦਿਨਾਂ ਵਿੱਚ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਆਪਣੀ ਨਿਗਰਾਨੀ ਵਿੱਚ ਭੋਜਨ ਤਿਆਰ ਕਰਾਵਾਉਂਦੇ ਅਤੇ ਲੋਕਾਂ ਨਾਲ ਮਿਲ ਬਹਿਕੇ ਖਾਂਦੇ । ਆਪ ਨਿਰੰਤਰ ਰੋਜ਼ੇ ਰੱਖਿਆ ਕਰਦੇ, ਇਕ ਦਿਨ ਊਠ ਜ਼ਿਬਾਹ ਕੀਤੇ ਗਏ ਅਤੇ ਸ਼ਾਮ ਸਮੇਂ ਹਜ਼ਰਤ ਉਮਰ ਦੀ ਸੇਵਾ ਵਿੱਚ ਕੋਹਾਨ ਤੇ ਕਲੇਜੀ ਦੇ ਟੁਕੜੇ ਪੇਸ਼ ਕੀਤੇ ਗਏ । ਆਪ ਨੇ ਪੁੱਛਿਆ ਕਿ ਇਹ ਕਿੱਥੋਂ ਆਏ । ਦੱਸਿਆ ਗਿਆ ਕਿ ਇਹ ਉਹਨਾ ਊਠਾਂ ਵਿੱਚੋਂ ਹੈ ਜੋ ਅੱਜ ਜ਼ਿਬਾਹ ਕੀਤੇ ਗਏ ਸਨ । ਹਜ਼ਰਤ ਉਮਰ ਨੇ ਫ਼ਰਮਾਇਆ, ਅਫ਼ਸੋਸ ! ਮੈਂ ਕਿਨ੍ਹਾ ਬੁਰਾ ਨਿਗਰਾਨ ਹਾਂ ਜੇਕਰ ਚੰਗਾ ਹਿਸੱਾ ਆਪਣੇ ਲਈ ਰੱਖ ਲਵਾਂ ਅਤੇ ਰੱਦੀ ਹਿਸੱਾ ਲੋਕਾਂ ਨੂੰ ਖੁਆਵਾਂ ।

ਕਹਿਤ ਦੇ ਦਿਨਾਂ ਵਿੱਚ ਆਪ ਰਜ਼ੀ ਅਲੱਾਹੁ ਅਨਹੁ ਇਸ਼ਾ ਦੀ ਨਾਮਜ਼ ਦੇ ਬਾਦ ਦੇਰ ਰਾਤ ਤੱਕ ਨਿਰੰਤਰ ਨਮਾਜ਼ ਪੜ੍ਹਦੇ ਰਹਿੰਦੇ, ਫਿਰ ਮਦੀਨੇ ਦੁਆਲੇ ਚਕੱਰ ਲਾਉਂਦੇ । ਆਪ ਰਜ਼ੀ ਅਲੱਾਹੁ ਅਨਹੁ ਰੱਬ ਤੋਂ ਦੁਆ ਕਰਦੇ ਕਿ ਹੇ ਅਲੱਾਹ ! ਮੇਰੇ ਹੱਥੀਂ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਉਮੱਤ ਨੂੰ ਹਲਾਕਤ ਵਿੱਚ ਨ ਪਾਈਂ ।

ਇਬਨੇ ਤਾਊਸ ਆਪਣੇ ਪਿਤਾ ਤੋਂ ਰਿਵਾਇਤ ਕਰਦੇ ਹਨ ਕਿ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਨ ਮਾਸ ਖਾਧਾ ਨ ਘਿਓ ਇੱਥੋਂ ਤੱਕ ਕਿ ਲੋਕ ਖ਼ੁਸ਼ਹਾਲ ਹੋ ਗਏ । ਇਯਾਜ਼ ਬਿਨ ਖ਼ਲੀਫ਼ਾ ਕਹਿੰਦੇ ਹਨ ਕਿ ਕਹਿਤ ਦੇ ਵਰ੍ਹੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਰੰਗ ਕਾਲਾ ਪੈ ਗਿਆ ਸੀ, ਲੋਕ ਕਿਹਾ ਕਰਦੇ ਸਨ ਕਿ ਜੇਕਰ ਰੱਬ ਨੇ ਕਹਿਤ ਦੂਰ ਨ ਕੀਤਾ ਤਾਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਮੁਸਲਮਾਨਾ ਦੀ ਚਿੰਤਾ ਵਿੱਚ ਮਰ ਜਾਣਗੇ । ਮਦੀਨੇ ਨੇ ਸਾਰੇ ਖੇਤਰਾਂ ਵਿੱਚ ਬਦਵੀ ਲੋਕ ਆਏ ਹੋਏ ਸਨ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਵੱਖ ਵੱਖ ਸਹਬਾ ਰਾਹੀਂ ਇਹਨਾ ਦੀ ਗਿਣਤੀ ਕਰਵਾਈ, ਇਹਨਾ ਸਾਰਿਆਂ ਲਈ ਖਾਣ ਪੀਣ ਦਾ ਪ੍ਰਬੰਧ ਕੀਤਾ ।

ਜੱਦ ਕਹਿਤ ਦੇ ਇਹ ਦਿਨ ਆਪਣੀ ਸੀਮਾ ਨੂੰ ਪਹੁੰਚ ਗਏ ਤਾਂ ਇਕ ਵਿਅਕਤੀ ਨੇ ਸੁਪਨੇ ਵਿੱਚ ਦੇਖਿਆ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਦੁਆ ਵੱਲ ਧਿਆਨ ਦੁਆਇਆ ਹੈ । ਸੋ, ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਨਿਰਦੇਸ਼'ਤੇ ਨਮਾਜ਼ੇ ਇਸਤਸਕਾ ਪੜ੍ਹੀ ਗਈ । ਰਾਵੀ ਬਿਆਨ ਕਰਦੇ ਹਨ ਕਿ ਨਮਾਜ਼ ਪੜ੍ਹਕੇ ਹੁਣੇ ਆਪ ਰਜ਼ੀ ਅਲੱਾਹੁ ਅਨਹੁ ਘਰ ਵੀ ਨਹੀਂ ਪਹੁੰਚੇ ਸਨ ਕਿ ਮਾਰਗ ਵਿੱਚ ਵਰਖਾ ਕਰਕੇ ਤਲਾਬ ਬਣ ਗਿਆ ।

ਮਸਜਿਦ ਨਬਵੀ ਵਿੱਚ ਸਭ ਤੋਂ ਪਹਿਲਾਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਖ਼ਿਲਾਫ਼ਤ ਕਾਲ ਵਿੱਚ ਚਟਾਈਆਂ ਵਿਛਾਈਆਂ ਗਈਆਂ । ਆਪ ਰਜ਼ੀ ਅਲੱਾਹੁ ਅਨਹੁ ਦੇ ਖ਼ਿਲਾਫ਼ਤ ਕਾਲ ਵਿੱਚ 17 ਹਿਜਰੀ ਵਿੱਚ ਮਸਜਿਦ ਨਬਵੀ ਦਾ ਵਿਸਥਾਰ ਕੀਤਾ ਗਿਆ । ਇਸ ਵਿਸਥਾਰ ਵਿੱਚ ਬੁੱਧੀਮਤਾ ਨਾਲ ਕੰਮ ਲੈਂਦਿਆਂ ਹੋਇਆ ਮਸਜਿਦ ਨੂੰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਪਵਿੱਤਰ ਕਾਲ ਮੁਤਾਬਕ ਉਸੇ ਅਨੁਸਾਰ ਉਸਾਰਿਆ ਗਿਆ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਖ਼ਿਲਾਫ਼ਤ ਕਾਲ ਵਿੱਚ ਮਰਦਮ ਸ਼ੁਮਾਰੀ ਅਰੰਭ ਹੋਈ, ਇਸੇ ਪ੍ਰਕਾਰ ਖ਼ੁਰਾਕ ਉਪਲਭਧ ਕਰਾਉਣ ਲਈ ਰਾਸ਼ਨ ਸਿਸਟਮ ਵੀ ਪ੍ਰੀਚਿਤ ਕਰਾਇਆ ਗਿਆ ।

ਇਸਲਾਮੀ ਹੁਕੂਮਤ ਦੀ ਵਿਵਸਥਾ ਕਿਵੇਂ ਕੰਮ ਕਰਦੀ ਸੀ ਇਸ ਬਾਰੇ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਮਦੀਨੇ ਆਣਕੇ ਪਹਿਲਾ ਕੰਮ ਇਹੋ ਕੀਤਾ ਕਿ

ਜਾਇਦਾਦ ਵਾਲਿਆਂ ਨੂੰ ਬਿਨਾ ਜਾਇਦਾਦ ਵਾਲਿਆਂ ਦਾ ਭਰਾ ਬਣਾ ਦਿਤੱਾ । ਅੰਸਾਰ ਤੇ ਮੁਹਾਜਰਾਂ ਵਿੱਚਕਾਰ ਸਥਾਪਤ ਕੀਤੀ ਜਾਣ ਵਾਲੀ ਭਾਈਬੰਦੀ ਇਸਲਾਮੀ ਬਰਾਬਰੀ ਦੀ ਪਹਿਲੀ ਉਧਾਰਣ ਸੀ । ਇਸੇ ਪ੍ਰਕਾਰ ਇਕ ਜੰਗ ਸਮੇਂ ਵੀ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਰਾਸ਼ਨ ਨਿਯੁਕਤ ਕੀਤਾ ਤਾਂ ਜੋ ਸਾਰਿਆਂ ਨੂੰ ਇੰਸਾਫ਼ ਨਾਲ ਖਾਣਾ ਮਿਲ ਸਕੇ । ਜੱਦ ਬਹਿਰੀਨ ਦਾ ਬਾਦਸ਼ਾਹ ਮੁਸਲਮਾਨ ਹੋਇਆ ਤਾਂ ਆਪ ਸਲਲੱਾਹੁ ਐਹਿ ਵਸਲੱਮ ਨੇ ਉਸਨੂੰ ਹਿਦਾਇਤ ਦਿੱਤੀ ਕਿ ਤੁਹਾਡੇ ਦੇਸ਼ ਵਿੱਚ ਜਿੰਨ੍ਹਾ ਲੋਕਾਂ ਕੋਲ ਗੁਜ਼ਾਰੇ ਲਈ ਕੋਈ ਜ਼ਮੀਨ ਨਹੀਂ, ਉਹਨਾਂ ਨੂੰ ਤੁਸੀਂ ਚਾਰ ਦਿਰਹਮ ਅਤੇ ਵਸਤਰ ਦਿਓ ਤਾਂ ਜੋ ਉਹ ਭੁੱਖੇ ਤੇ ਨੰਗੇ ਨ ਰਿਹਣ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਦੇਹਾਂਤ ਦੇ ਬਾਦ ਜੱਦ ਮੁਸਲਮਾਨ ਦੁਨੀਆ ਦੇ ਵੱਖ ਵੱਖ ਭਾਗਾਂ ਵਿੱਚ ਫੈਲ ਗਏ ਤਾਂ ਉਹਨਾ ਲਈ ਰੋਟੀ ਦਾ ਪ੍ਰਬੰਧ ਬਹੁਤ ਮੁਸ਼ਕਲ ਹੋ ਗਿਆ । ਅਜਿਹੇ ਸਮੇਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਸਾਰਿਆਂ ਲੋਕਾਂ ਦੀ ਮਰਦਮ ਸ਼ੁਮਾਰੀ ਕਰਾਈ ਅਤੇ ਰਾਸ਼ਨ ਵੰਡਣ ਦਾ ਸਿਸਟਮ ਅਰੰਭ ਕੀਤਾ । ਆਪ ਰਜ਼ੀ ਅਲੱਾਹੁ ਅਨਹੁ ਨੇ ਇਹ ਮਰਦਮ ਸ਼ੁਮਾਰੀ ਪ੍ਰਜਾ ਤੋਂ ਧੰਨ ਲੁਟੱਣ ਲਈ ਨਹੀਂ ਕੀਤੀ ਸਗੋਂ ਉਹਨਾਂ ਲਈ ਗ਼ਿਜ਼ਾ ਦਾ ਪ੍ਰਬੰਧ ਕਰਨ ਲਈ ਕਰਾਈ ਸੀ । ਦੁਨੀਆ ਭਰ ਦੀਆਂ ਸਰਕਾਰਾਂ ਤਾਂ ਇਸ ਲਈ ਮਰਦਮ ਸ਼ੁਮਾਰੀ ਕਰਾਉਂਦੀਆਂ ਹਨ ਤਾਂ ਜੋ ਲੋਕ ਕੁਰਬਾਨੀ ਦੇ ਬਕਰੇ ਬਣਨ ਅਤੇ ਫ਼ੌਜੀ ਸੇਵਾਵਾਂ ਬਜਾ ਲਿਆਉਣ । ਪਰੰਤੂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਇਸ ਲਈ ਮਰਦਮ ਸ਼ੁਮਾਰੀ ਕਰਾਈ ਤਾਂ ਜੋ ਲੋਕਾਂ ਲਈ ਖ਼ੁਰਾਕ ਦਾ ਪ੍ਰਬੰਧ ਹੋ ਸਕੇ । ਇਹ ਪਹਿਲਾ ਕਦਮ ਸੀ ਜੋ ਇਸਲਾਮ ਵਿੱਚ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਚੁੱਕਿਆ ਗਿਆ । ਜੇਕਰ ਇਹ ਵਿਵਸਥਾ ਸਥਾਪਤ ਹੋ ਜਾਏ ਤਾਂ ਇਸ ਦੇ ਬਾਦ ਕਿਸੇ ਹੋਰ ਵਿਵਸਥਾ ਦੀ ਲੋੜ ਨਹੀਂ ਰਹਿੰਦੀ । ਕਿਉਂਕਿ ਸਾਰੇ ਦੇਸ਼ ਦੀਆਂ ਲੋੜਾਂ ਦੀ ਜ਼ਿੰਮੇਦਾਰ ਹੁਕੂਮਤ ਹੋ ਜਾਂਦੀ ਹੈ । ਅੱਜ ਕਿਹਾ ਜਾਂਦਾ ਹੈ ਕਿ ਸੋਵੀਯਤ ਰਸ਼ੀਆ ਦੇ ਗ਼ਰੀਬਾਂ ਦੇ ਖਾਣ ਅਤੇ ਕਪੜਿਆਂ ਦਾ ਪ੍ਰਬੰਧ ਕੀਤਾ ਜੱਦ ਕਿ ਸਭ ਤੋਂ ਪਹਿਲਾਂ ਇਸ ਪ੍ਰਕਾਰ ਦੀ ਆਰਥਕ ਵਿਵਸਥਾ ਇਸਲਾਮ ਨੇ ਅਰੰਭ ਕੀਤੀ ਸੀ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਕਾਲ ਵਿੱਚ ਹਰ ਪਿੰਡ, ਹਰ ਕਸਬੇ ਅਤੇ ਹਰ ਸ਼ਹਿਰ ਦੇ ਲੋਕਾਂ ਦੇ ਨਾਂ ਰਜਿਸਟਰਡ ਕੀਤੇ ਜਾਂਦੇ ਸਨ । ਇਸਲਾਮ ਅਨੁਸਾਰ ਹਰ ਵਿਅਕਤੀ ਲਈ ਖ਼ੁਰਾਕ ਤੇ ਵਸਤਰ ਦੀ ਜ਼ਿੱਮੇਦਾਰ ਹੁਕੂਮਤ ਹੈ । ਹੁਣ ਹੋਰ ਹੁਕੂਮਤਾਂ ਵੀ ਇਸ ਦੀਆਂ ਨਕਲ ਕਰ ਰਹੀਆਂ ਹਨ । ਬੀਮਾ ਤੇ ਫ਼ੈਮਲੀ ਪੈਂਸ਼ਨ ਇਸ ਦੀਆਂ ਵੱਖ ਵੱਖ ਸ਼ਕਲਾਂ ਹਨ । ਪਰੰਤੂ ਜਵਾਨੀ ਤੇ ਬੁਢਾਪੇ ਦੋਹਾਂ ਵਿੱਚ ਖ਼ੁਰਾਕ ਤੇ ਵਸਤਰ ਦੀ ਜ਼ਿੰਮੇਦਾਰ ਸਰਕਾਰ ਹੁੰਦੀ ਹੈ । ਇਹ ਉਸੂਲ ਇਸਲਾਮ ਤੋਂ ਪਹਿਲਾਂ ਕਿਸੇ ਧਰਮ ਨੇ ਪੇਸ਼ ਨਹੀਂ ਕੀਤਾ ।

ਵੀਹ ਹਿਜਰੀ ਵਿੱਚ ਕਬਜ਼ੇ ਹੇਠ ਦੇਸਾਂ ਨੂੰ ਅੱਠ ਸੂਬਿਆਂ ਵਿੱਚ ਵੰਡਿਆ ਤਾਂ ਜੋ ਪ੍ਰਬੰਧਕੀ ਕਾਰਜਾਂ ਵਿੱਚ ਸੌਖ ਰਹੇ। ਇਸੇ ਪ੍ਰਕਾਰ ਆਪ ਰਜ਼ੀ ਅਲੱਾਹੁ ਅਨਹੁ ਦੇ ਕਾਲ ਵਿੱਚ ਸ਼ੂਰਾ (ਪ੍ਰਾਮਰਸ਼ ਸਭਾ) ਦੀ ਸਥਾਪਨਾ ਹੋਈ । ਪ੍ਰਾਮਰਸ਼ ਸਭਾ ਵਿੱਚ ਅੰਸਾਰ ਤੇ ਮੁਹਾਜਰਾਂ ਵਿੱਚੋਂ ਵੱਡੇ ਸਹਾਬੀ ਸ਼ਾਮਲ ਸਨ । ਪ੍ਰਤੀ ਦਿਨ ਦੇ ਮਾਮਲਿਆਂ ਵਿੱਚ ਇਸ ਸਭਾ ਦੇ ਫ਼ਸਲੇ ਬਹੁਤ ਸਮਝੇ ਜਾਂਦੇ ਸਨ ਪਰੰਤੂ ਜੱਦ ਕੋਈ ਮਹਤੱਵਪੂਰਨ ਕਾਰਜ ਪੇਸ਼ ਆਉਂਦਾ ਤਾਂ ਮੁਹਾਜਰਾਂ ਤੇ ਅੰਸਾਰਾਂ ਦਾ ਇਕ ਸਾਧਾਰਣ ਜਲਸਾ ਹੁੰਦਾ ਅਤੇ ਸਾਮੂਹਿਕ ਰਾਏ ਅਨੁਸਾਰ ਉਹ ਮਾਮਲਾ ਤੈਅ ਹੁੰਦਾ । ਇਸ ਤੋਂ ਬਿਨਾ ਇਕ ਹੋਰ ਸਭਾ ਸੀ ਜਿੱਥੇ ਪ੍ਰਤੀਦਿਨ ਦੇ ਪ੍ਰਬੰਧਾਂ ਬਾਰੇ ਅਤੇ ਲੋਕਾਂ ਦੀਆਂ ਲੋੜਾਂ ਬਾਰੇ ਗੱਲਬਾਤ ਹੁੰਦੀ । ਇਹ ਸਭਾ ਹਮੇਸ਼ਾ ਮਸਜਿਦ ਨਬਵੀ ਵਿੱਚ ਆਯੋਜਿਤ ਹੁੰਦੀ ਅਤੇ ਕੇਵਲ ਮੁਹਾਜਰ ਸਹਾਬਾ ਇਸ ਵਿੱਚ ਸ਼ਾਮਲ ਹੁੰਦੇ । ਸੂਬਿਆਂ ਅਤੇ ਜ਼ਿਲਿਆਂ ਦੇ ਹਾਕਮ ਅਧਿਕਤਰ ਪ੍ਰਜਾ ਦੀ ਮਰਜ਼ੀ ਅਤੇ ਕਈ ਵਾਰ ਚੋਣਾ ਰਾਹੀਂ ਵੀ ਨਿਯੁਕਤ ਕੀਤੇ ਜਾਂਦੇ ਸਨ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਉਹਦੇਦਾਰਾਂ ਨੂੰ ਇਹ ਨਸੀਹਤ ਕਰਦੇ ਕਿ ਤੁਹਾਨੂੰ ਲੋਕਾਂ ਦਾ ਇਮਾਮ ਬਣਾਕੇ ਭੇਜਿਆ ਜਾ ਰਿਹਾ ਹੈ ਤਾਂ ਜੋ ਲੋਕ ਤੁਹਾਡੀ ਨਕਲ ਕਰਨ । ਮੁਸਲਮਾਨਾ ਦੇ ਹੱਕ ਪੂਰੇ ਕਰਨਾ, ਉਹਨਾ ਨੂੰ ਮਾਰ ਧਾੜ ਨ ਕਰਨਾ, ਕਿਸੇ ਦੀ ਐਂਵੇਂ ਹੀ ਪ੍ਰਸ਼ੰਸਾ ਨ ਕਰਨਾ ਕਿਤੇ ਉਹ ਫ਼ਸਾਦਾਂ ਵਿੱਚ ਪੈਣ । ਕਾਰਜਵਾਹਕਾਂ ਤੋਂ ਪ੍ਰਣ ਲਿਆ ਜਾਂਦਾ ਕਿ ਉਹ ਤੁਰਕੀ ਘੋੜੇ'ਤੇ ਸਵਾਰੀ ਨਹੀਂ ਕਰੇਗਾ, ਬਰੀਕ ਵਸਤਰ ਨਹੀਂ ਪਾਵੇਗਾ, ਛਣਿਆ ਹੋਇਆ ਆਟਾ ਨਹੀਂ ਖਾਵੇਗਾ, ਬੂਹੇ'ਤੇ ਦਰਬਾਨ ਨਹੀਂ ਨਿਯੁਕਤ

ਕਰੇਗਾ । ਇਹਨਾ ਦੇ ਧੰਨ ਅਸਬਾਬ ਦੀ ਪਰਖ ਕੀਤੀ ਜਾਂਦੀ ਅਤੇ ਜੇਕਰ ਇਹਨਾਂ ਵਿੱਚੋਂ ਕੋਈ ਤਸੱਲੀ ਨ ਕਰਵਾ ਸਕਦਾ ਤਾਂ ਉਸਦਾ ਪੂਰਾ ਹਿਸਾਬ ਕੀਤਾ ਜਾਂਦਾ ।

ਹਜ਼ਰਤ ਉਮਰ ਰਜ਼ੀ ਅੱਲਾਹੁ ਅਨਹੁ ਨੇ ਇਰਾਕ ਅਤੇ ਸ਼ਾਮ (ਹੁਣ ਸੀਰੀਆ) ਦੀਆਂ ਜਿਤੱਾਂ ਦੇ ਬਾਦ ਖ਼ਰਾਜ ਦੀ ਵਿਵਸਥਾ ਉਪੱਰ ਧਿਆਨ ਦਿਤੱਾ ਅਤੇ ਜੋ ਜ਼ਮੀਨਾ ਬਾਦਸ਼ਾਹਾਂ ਨੇ ਜਬਰੀ ਖੋਹਕੇ ਦਰਬਾਰੀਆਂ ਤੇ ਅਮੀਰਾਂ ਨੂੰ ਦਿੱਤੀਆਂ ਹੋਈਆਂ ਸਨ ਆਪ ਰਜ਼ੀ ਅਲੱਾਹੁ ਅਨਹੁ ਨੇ ਉਹ ਸਾਥਾਨੀ ਲੋਕਾਂ ਨੀ ਪਰਤਾ ਦਿੱਤੀਆ । ਇਸੇ ਪ੍ਰਕਾਰ ਖ਼ਰਾਜ ਦੇ ਨੀਯਮ ਬਣਾਕੇ ਉਸੂਲੀ ਤਰੀਕੇ ਬਹੁਤ ਨਰਮ ਕਰ ਦਿੱਤੇ । ਆਪ ਰਜ਼ੀ ਅਲੱਾਹੁ ਅਨਹੁ ਗ਼ਰੀਬ ਜਨਤਾ ਤੋਂ ਰਾਏ ਮੰਗਦੇ ਅਤੇ ਉਹਨਾ ਦੀ ਰਾਏ ਦਾ ਪੱਖ ਰਖੱਦੇ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਜ਼ਿਕਰ ਦੇ ਅੱਗੇ ਜਾਰੀ ਰਹਿਣ ਬਾਰੇ ਕਹਿਣ ਤੋਂ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਇਕ ਵੈਬਸਾਈਟ ਲਾਂਚ ਕਰਨ ਦਾ ਐਲਾਨ ਕੀਤਾ ।

www.ahmadipedia.org ਇਹ ਵੈਬਸਾਈਟ ਮਰਕਜ਼ੀ ਸ਼ੋਬਾ (ਕੇਂਦਰੀ ਵਿਭਾਗ) ਆਰਕਾਈਵ ਅਤੇ ਰਿਸਰਚ ਸੈਂਟਰ ਨੇ ਬਣਾਈ ਹੈ ਜਿੱਥੇ ਇਕ ਸਰਚ ਇੰਜਨ ਦੇ ਰੂਪ ਵਿੱਚ ਜਮਾਤੀ ਕਿਤਾਬਾਂ, ਵਿੱਕਤੀਤਵ, ਘਟਨਾਵਾਂ, ਆਸਥਾਵਾਂ ਤੇ ਇਮਾਰਤਾਂ ਬਾਰੇ ਸਮਗਰੀ ਭਾਲੀ ਜਾ ਸਕਦੀ ਹੈ । ਹਰ ਐਂਟਰੀ ਦੇ ਨਾਲ ਸੰਬੰਧਤ ਵੈਬਸਾਈਟਸ, ਵੀਡੀਓਜ਼ ਅਤੇ ਜਮਾਤੀ ਅਖ਼ਬਾਰਾਂ ਦੇ ਵਿਸ਼ੇ ਲਿੰਕ ਕੀਤੇ ਗਏ ਹਨ । ਦੁਨੀਆ ਭਰ ਵਿੱਚ ਫੈਲੇ ਜਮਾਤ ਦੇ ਲੋਕਾਂ ਕੋਲ ਬਹੁਤ ਸਾਰੀ ਲਾਹੇਵੰਦ ਜਾਣਕਰੀ ਹੈ ਜੋ ਕਿਤੇ ਰਿਕਾਰਡ ਨਹੀਂ ਹੈ । ਇਸ ਵੈਬਸਾਈਟ'ਤੇ ਇਕ ਆਪਸ਼ਨ ਕੰਟ੍ਰਬੀਊਟ (contribute) ਦਾ ਦਿਤੱਾ ਗਿਆ ਹੈ ਜਿੱਥੇ ਉਹ ਕਿਸੇ ਵੀ ਵਿਸ਼'ਤੇ ਆਪਣੀ ਜਾਣਕਾਰੀ ਜਾਂ ਪ੍ਰਮਾਣਿਕ ਦਸਤਾਵੇਜ਼ ਉਪਲਭਦ ਕਰਾ ਸਕਣਗੇ । ਇਸ ਉਪਲਭਧ ਕਰਾਈ ਗਈ ਸਮਗਰੀ ਨੂੰ ਪਰਖ ਦੇ ਪ੍ਰਮਾਣਿਕ ਹੋਣ ਦੀ ਅਵਸਥਾ ਵਿੱਚ ਸੰਬੰਧ ਵਿਸ਼ੇ ਦੀ ਐਂਟਰੀ ਵਿੱਚ ਸ਼ਮਾਲ ਕਰ ਦਿਤੱਾ ਜਾਵੇਗਾ ।

ਇਸ ਵੈਬਸਾਈਟ ਦੀ ਤਿਆਰੀ ਵਿੱਚ ਤਕਨੀਕੀ ਕਾਰਜਾਂ ਦੇ ਪੜਾਵਾਂ ਵਿੱਚ ਕੇਂਦਰੀ ਵਿਭਾਗ ਦੇ ਪਰਮਾਨੈਂਟ ਅਮਲੇ ਅਤੇ ਰਜ਼ਾਕਾਰਾਂ ਨੇ ਬਖ਼ੂਬੀ ਕੰਮ ਨੇਪਰੇ ਚੜ੍ਹਾਇਆ ਹੈ ਜੱਦ ਕਿ ਸਮਗਰੀ ਦੀ ਤਿਆਰੀ ਵਿੱਚ ਸਮਗਰੀ ਪ੍ਰਾਪਤ ਕਰਨ ਤੋਂ ਲੈਕੇ ਅਨੁਵਾਦ ਤੇ ਅਪਲੋਡ ਤੱਕ ਸਾਰੇ ਪੜਾਅ ਵਿੱਚ ਵਿਭਾਗ ਆਰਕਾਈਵ ਦੇ ਮੁਰਬੀਆ ਅਤੇ ਰਜ਼ਾਕਾਰਾਂ ਨੇ ਅਣਥਕ ਮਿਹਨਤ ਨਾਲ ਕੰਮ ਕੀਤਾ ਹੈ । ਅਲੱਾਹ ਤਆਲਾ ਇਹਨਾ ਸਾਰਿਆਂ ਨੂੰ ਪ੍ਰਤੀਫ਼ਲ ਪਰਦਾਨ ਕਰੇ ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਨਮਾਜ਼ ਜੁਮਏ ਦੇ ਬਾਦ ਇਨਸ਼ਾਅਲੱਾਹ ਮੈਂ ਇਸ ਵੈਬਸਾਈ ਨੂੰ ਲਾਂਚ ਕਰਾਂਗਾ ।

اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ
يُّضْلِلْهُ فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ. عِبَادَ اللّٰهِ رحمكم الله اِنَّ اللّٰهَ يَاْمُرُ بِالْعَدْلِ وَالْاِحْسَانِ وَاِيْتَآءِ ذِی الْقُرْبٰى
وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔

**Khulasa Khutba Jumma 02.07.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131